# ਅੱਜ ਦੇ ਦਿਨ 9 ਪੋਹ 2023
# (ਮਿਤੀ 24 ਦਸੰਬਰ, 2023) ਦਾ ਇਤਿਹਾਸ
# ਨਿੱਕੀਆਂ ਜ਼ਿੰਦਾਂ ਵੱਡਾ ਸਾਕਾ
## ਗੌਰਵਮਈ ਸ਼ਹੀਦੀ ਸਾਕੇ ਦਾ ਚੌਥਾ ਦਿਨ

हिंदी अनुवाद नीचे उपलब्ध है

8 ਅਤੇ 9 ਪੋਹ, ਸੰਮਤ 1761 ਬਿਕਰਮੀ (1704 ਈ.) ਦੀ ਵਿਚਕਾਰਲੀ ਅੱਧੀ ਰਾਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਜ ਪਿਆਰਿਆਂ ਦੀ ਬੇਨਤੀ ਨੂੰ ਸਵੀਕਾਰ ਕਰਕੇ, ਇੱਕ ਯੋਧੇ ਦੀ ਤਰ੍ਹਾਂ ਤਾੜੀ ਮਾਰ ਕੇ ਦੁਸ਼ਮਣ ਫ਼ੌਜਾਂ ਨੂੰ ਆਪਣੇ ਗੜ੍ਹੀ ਛੱਡਣ ਦਾ ਫ਼ੈਸਲਾ ਸੁਣਾ ਕੇ ਕਿ "**ਗੁਰੂ ਗੋਬਿੰਦ ਸਿੰਘ ਗੜ੍ਹੀ ਛੱਡ ਕੇ ਜਾ ਰਿਹਾ ਹੈ, ਕੋਈ ਰੋਕ ਸਕਦਾ ਹੈ ਤਾਂ ਰੋਕ ਲਵੇ**", ਮਾਛੀਵਾੜੇ ਨੂੰ ਚਲੇ ਗਏ।

ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਦੀ ਸੇਵਾ ਵਿੱਚ ਗੁਰੂ ਜੀ ਦੇ ਨਾਲ ਹੀ ਗੜ੍ਹੀ ਵਿੱਚੋਂ ਬਾਹਰ ਨਿਕਲੇ ਪਰ ਹਨੇਰੀ ਰਾਤ ਵਿੱਚ ਉਹ ਗੁਰੂ ਜੀ ਨਾਲੋਂ ਵਿਛੜ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਆਗਿਆ ਅਨੁਸਾਰ ਮਾਛੀਵਾੜੇ ਦੇ ਜੰਗਲ਼ ਵਿੱਚ ਪਹੁੰਚ ਕੇ ਅਰਾਮ ਕੀਤਾ।ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਵੀ ਸ਼ਾਮ ਤੱਕ ਗੁਰੂ ਜੀ ਕੋਲ ਪਹੁੰਚ ਗਏ।

ਦੂਜੇ ਪਾਸੇ ਗੰਗੂ ਬ੍ਰਾਹਮਣ ਨੇ ਮਾਇਆ ਦੇ ਲਾਲਚ ਵਿੱਚ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ

ਸਿੰਘ ਜੀ) ਦੀ ਸੂਚਨਾ ਮੁਗਲ ਹਕੂਮਤ ਨੂੰ ਦੇ ਕੇ ਉਨ੍ਹਾਂ ਨੂੰ ਮੋਰਿੰਡੇ ਦੇ ਕੋਤਵਾਲ ਦੇ ਹਵਾਲੇ ਕਰ ਦਿੱਤਾ।

ਸਾਰੇ ਪਰਿਵਾਰ ਦਾ ਵਿਛੜਣਾ, ਵੱਡੇ ਪੁੱਤਰਾਂ ਦਾ ਜੰਗ ਵਿੱਚ ਸ਼ਹੀਦ ਹੋਣਾ, ਮਾਛੀਵਾੜੇ ਦੇ ਜੰਗਲ਼ ਵਿੱਚ ਪਹੁੰਚ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਗੁਰੂ ਜੀ ਦਾ **'ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ'**, ਇਸ ਪਲ ਨੂੰ ਮਹਿਸੂਸ ਕਰੀਏ ਤਾਂ ਆਪ ਮੁਹਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਸੀਸ ਝੁਕ ਜਾਂਦਾ ਹੈ।

ਆਓ ਪ੍ਰਣ ਕਰੀਏ, ਅਸੀਂ ਵੀ ਸਰਬੰਸਦਾਨੀ ਪਿਤਾ ਜੀ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਬੱਚਿਆਂ ਨੂੰ ਸੇਵਾ ਸਿਮਰਨ ਦੀ ਗੁੜ੍ਹਤੀ ਦੇ ਕੇ ਉਨ੍ਹਾਂ ਅੰਦਰ ਦੇਸ਼ ਕੌਮ ਲਈ ਕੁਰਬਾਨ ਹੋਣ ਦੀ ਭਾਵਨਾ ਪੈਦਾ ਕਰਾਂਗੇ।ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

**ਚਲਦਾ...**

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਲਈ ਰੋਜ਼ਾਨਾ ਵਿਸ਼ੇਸ਼ ਸਬਕ ਸਾਂਝੇ ਕੀਤੇ ਜਾਂਦੇ ਹਨ।ਸਮਾਜ ਵਿੱਚ ਸਮੇਂ ਦੀ ਕਦਰ ਦੀ ਰੁਚੀ ਪ੍ਰਬਲ ਕਰਨ ਲਈ ਵਿਦਿਆਰਥੀਆਂ ਨੂੰ ਨਵੇਕਲ਼ੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੀ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ।ਸੂਝਵਾਨ ਮਾਪੇ ਅਤੇ ਅਧਿਆਪਕ ਇਨ੍ਹਾਂ ਸੇਵਾਵਾਂ ਦਾ ਲਾਹਾ ਲੈ ਸਕਦੇ ਹੋ।

# आज के दिन 9 पोह 2023

# (दिनांक 24 दिसंबर, 2023) का इतिहास

# निकीआँ जिंदां वड्डा साका

## गौरवमयी शहीदी साके का चौथा दिन

आठ और नौ पोह, सम्मत १७६१ बि. (1704 ई.) की बीच वाली आधी रात को श्री गुरु गोबिंद सिंघ जी, पांच प्यारों के निवेदन को स्वीकार करके, एक योद्धा की तरह ताली मार कर दुश्मन फ़ौज को अपने गढ़ी छोड़ने का फैसला सुना कर कि **"गुरु गोबिंद सिंघ गढ़ी छोड़ कर जा रहा है, कोई रोक सकता है तो रोक ले"**, वह माछीवाड़ा की तरफ चले गए।

भाई दया सिंघ जी, भाई धर्म सिंघ जी और भाई मान सिंघ जी भी गुरु जी की सेवा में गुरु जी के साथ ही गड़ी में से बाहर निकले परंतु अंधेरी रात में वह गुरु जी से बिछुड़ गए।

श्री गुरु गोबिंद सिंघ जी ने ख़ालसे की आज्ञा अनुसार माछीवाड़ा के जंगल में पहुंचकर आराम किया।भाई दया सिंघ जी, भाई धर्म सिंघ जी और भाई मान सिंघ जी शाम तक गुरुजी के पास पहुंच गए।

दूसरी तरफ गंगू ब्राह्मण ने धन के लालच में माता गुजर कौर जी और छोटे साहिबज़ादों (बाबा ज़ोरावर सिंघ जी और बाबा फ़तेह सिंघ जी) की सूचना मुग़ल हकूमत को देकर उनको मोरिंडा के कोतवाल के हवाले कर दिया।

पूरे परिवार का बिछुड़ना, बड़े पुत्रों का जंग में शहीद होना, माछीवाड़ा के जंगल में पहुंचकर गुरु जी का अकाल पुरख को धन्यवाद करना और **'मित्र प्यारे नू हालु मुरीदां दा कहिणा'**, इस पल को महसूस करें तो अपने आप ही हमारा सीस श्री गुरु गोबिंद सिंघ जी के चरणों में झुक जाता है।

आओ प्रण करें, कि हम भी श्री गुरु गोबिंद सिंघ जी के जीवन से शिक्षा लेकर अपने बच्चों में सेवा सिमरन की भावना पैदा करके उन्हें देश और समाज के लिए कुर्बान होने की भावना पैदा करेंगे। आज के इतिहास को दर्शाती हुई वीडियो **आतम परगास फेसबुक पेज** पर देख सकते हैं।

**चलता...**

........................................................................................

आतम परगास की ओर से 'सचिआर मनुष्य' बनने के लिए प्रतिदिन विशेष सबक भेजे जाते हैं।समाज में समय की कदर की रुची प्रबल करने के लिए विद्यार्थियो को विशेष समय सारणी का पालन करने की सिखलाई देने के साथ-साथ उनके सर्वोत्तम विकास के लिए विद्वानों की विशेष टीम सेवा प्रदान कर रही है।सूझवान माता-पिता और शिक्षक इन सेवाओं का लाभ ले सकते हैं।

**आतम परगास सोशल वैलफ़ेयर काउंसल**

99, प्रीत विहार, पक्खोवाल रोड, लुधियाना - 142022

+91 82880-10531 / 32 www.atampargas.org

Like Facebook Page Subscribe YouTube Channel